# ਸਪੋਰਟਸ ਸਕੂਲ ਘੁੱਦਾ, ਜਿਲ੍ਹਾ ਬਠਿੰਡਾ

## ਦਾਖਲਾ ਨੋਟਿਸ

ਫੋਨ ਨੰ: 0164-2425011,2425022

ਸਪੋਰਟਸ ਸਕੂਲ ਘੁੱਦਾ ਜ਼ਿਲ੍ਹਾ ਬਠਿੰਡਾ ਵਿੱਚ ਸੈਸ਼ਨ 2017-18 ਲਈ ਅੰਡਰ-14, 17 ਅਤੇ 19 ਸਾਲ ਦੇ ਖਿਡਾਰੀਆਂ (ਲੜਕੇ/ਲੜਕੀਆਂ) ਦੇ ਦਾਖਲੇ ਲਈ ਮਿਤੀ 16 ਫਰਵਰੀ 2017 ਤੋਂ 18 ਫਰਵਰੀ 2017 ਤੱਕ ਚੋਣ ਟਰਾਇਲਜ਼ (Physical Fitness Test & Game Test) ਕੀਤੇ ਜਾਣੇ ਹਨ। ਮਿਤੀ 16 ਫਰਵਰੀ ਨੂੰ ਅੰਡਰ-14, 17 ਫਰਵਰੀ ਨੂੰ ਅੰਡਰ-17 ਅਤੇ 18 ਫਰਵਰੀ ਨੂੰ ਅੰਡਰ-19 ਵਿੱਚ ਦਾਖਲੇ ਲਈ ਟਰਾਇਲਜ਼ ਸਕੂਲ ਕੈਂਪਸ ਵਿੱਚ ਹੋਣਗੇ। ਰਜਿਸਟ੍ਰੇਸ਼ਨ ਲਈ ਪਰਫਾਰਮਾ ਸਕੂਲ ਦੀ ਵੈੱਬ-ਸਾਈਟ (www.sportschoolghudda.com) ਤੋਂ ਪ੍ਰਾਪਤ ਕਰਕੇ ਹੇਠ ਲਿਖਿਆਂ ਸ਼ਰਤਾਂ ਅਨੁਸਾਰ ਉਕਤ ਮਿਤੀਆਂ ਅਨੁਸਾਰ ਸਕੂਲ ਵਿੱਚ ਸਵੇਰੇ 09:00 ਵਜੇ ਤੱਕ ਜਮਾ ਕਰਵਾਉਣਾ ਹੋਵੇਗਾ। ਕੇਵਲ ਪੰਜਾਬ ਰਾਜ ਦੇ ਵਿਦਿਆਰਥੀ ਹੀ ਦਾਖਲਾ ਲੈ ਸਕਦੇ ਹਨ।

1. ਉਮਰ

| ਆਯੂ ਗਰੁੱਪ | ਅੰਡਰ-14 | | ਅੰਡਰ-17 | | ਅੰਡਰ-19 | |
|---|---|---|---|---|---|---|
| | ਸੱਤਵੀਂ | ਅੱਠਵੀਂ | ਨੌਵੀਂ | ਦਸਵੀਂ | ਗਿਆਰ੍ਹਵੀਂ | ਬਾਰ੍ਹਵੀਂ |
| ਜਨਮ ਸਾਲ | 2005 ਜਾਂ ਇਸ ਤੋਂ ਬਾਅਦ | 2004 ਜਾਂ ਇਸ ਤੋਂ ਬਾਅਦ | 2002 ਜਾਂ ਇਸ ਤੋਂ ਬਾਅਦ | 2001 ਜਾਂ ਇਸ ਤੋਂ ਬਾਅਦ | 2000 ਜਾਂ ਇਸ ਤੋਂ ਬਾਅਦ | 1999 ਜਾਂ ਇਸ ਤੋਂ ਬਾਅਦ |

2. ਵੇਰਵੇ

| ਲੜੀ ਨੰ: | ਗੇਮ ਦਾ ਨਾਮ | ਅੰਡਰ-14 | | ਅੰਡਰ-17 | | ਅੰਡਰ-19 | |
|---|---|---|---|---|---|---|---|
| | | ਲੜਕੇ | ਲੜਕੀਆਂ | ਲੜਕੇ | ਲੜਕੀਆਂ | ਲੜਕੇ | ਲੜਕੀਆਂ |
| 1 | ਵਾਲੀਬਾਲ | ✓ | ✓ | - | - | - | ✓ |
| 2 | ਬਾਸਕਿਟਬਾਲ | | - | ✓ | - | ✓ | - |
| 3 | ਕਬੱਡੀ | ✓ | - | - | ✓ | ✓ | - |
| 4 | ਹਾਕੀ | - | - | ✓ | ✓ | - | ✓ |
| 5 | ਅਥਲੈਟਿਕਸ | ✓ | ✓ | ✓ | ✓ | - | ✓ |
| 6 | ਫੁਟਬਾਲ | ✓ | - | ✓ | - | - | - |
| 7 | ਸਵਿਮਿੰਗ | ✓ | ✓ | ✓ | ✓ | - | - |
| 8 | ਬਾਕਸਿੰਗ | ✓ | - | ✓ | ✓ | - | ✓ |
| 9 | ਸ਼ੂਟਿੰਗ | ✓ | ✓ | ✓ | ✓ | - | ✓ |
| 10 | ਕੁਸ਼ਤੀ | ✓ | - | ✓ | ✓ | - | ✓ |
| 11 | ਵੇਟ ਲਿਫਟਿੰਗ | - | - | ✓ | ✓ | - | ✓ |

ਚੁਣੇ ਗਏ ਖਿਡਾਰੀਆਂ ਲਈ ਸਿੱਖਿਆ, ਰਿਹਾਇਸ਼, ਖੁਰਾਕ, ਖੇਡ ਦਾ ਸਮਾਨ, ਸਪੋਰਟਸ ਕਿੱਟ ਅਤੇ ਟਰੇਨਿੰਗ ਮੁਫਤ ਹੋਵੇਗੀ।

ਚਾਹਵਾਨ ਖਿਡਾਰੀ ਦਿੱਤੇ ਸਮੇਂ/ਮਿਤੀ ਨੂੰ ਸਵੇਰੇ 09:00 ਵਜੇ ਸਕੂਲ ਕੈਂਪਸ ਵਿੱਚ ਉਕਤ ਪਰਫਾਰਮਾ ਭਰ ਕੇ, ਹੇਠ ਲਿਖੇ ਅਸਲ ਦਸਤਾਵੇਜ਼ ਅਤੇ ਦੋ ਫੋਟੋ ਕਾਪੀਆਂ ਲੈ ਕੇ ਹਾਜ਼ਰ ਹੋਣ:

1. ਜਨਮ-ਮਿਤੀ ਸਰਟੀਫਿਕੇਟ ।
2. ਆਧਾਰ ਕਾਰਡ।
3. ਸਕੂਲ ਮੁਖੀ ਤੋਂ ਸੈਸ਼ਨ 2016-17) ਦੌਰਾਨ ਪੜ੍ਹਨ ਦਾ ਸਰਟੀਫਿਕੇਟ *(ਜਿਸ ਜਮਾਤ ਵਿਚ ਪੜ੍ਹ ਰਿਹਾ ਹੈ)* ਦਾ ਫੋਟੋ ਸਮੇਤ ਤਸਦੀਕ ਸ਼ੁਦਾ ਸਰਟੀਫਿਕੇਟ। *(ਪਰਫਾਰਮਾ ਸਕੂਲ ਦੀ ਵੈਬ-ਸਾਈਟ ਤੇ ਉਪਲਬਧ ਹੈ)*
4. ਪਾਸਪੋਰਟ ਸਾਈਜ਼ 4 ਫੋਟੋਆਂ।

ਚੁਣੇ ਗਏ ਖਿਡਾਰੀਆਂ ਦਾ ਦਾਖਲਾ ਸਰਕਾਰੀ ਹਸਪਤਾਲ ਵਿੱਚੋਂ ਪ੍ਰਾਪਤ ਮੈਡੀਕਲ ਫਿਟਨੈਸ ਸਰਟੀਫਿਕੇਟ ਦੇ ਆਧਾਰ ਤੇ ਹੀ ਹੋਵੇਗਾ। ਸਫਲ ਵਿਦਿਆਰਥੀਆਂ ਨੂੰ ਟੈਲੀਫੋਨ ਸੰਦੇਸ਼ ਰਾਹੀਂ ਸੂਚਿਤ ਕੀਤਾ ਜਾਵੇਗਾ। ਕਿਸੇ ਕਿਸਮ ਦਾ ਕੋਈ ਟੀ.ਏ ਜਾਂ ਡੀ.ਏ ਨਹੀਂ ਦਿੱਤਾ ਜਾਵੇਗਾ।

*-ਸਹੀ-*
ਪ੍ਰਿੰਸੀਪਲ
ਸਪੋਰਟਸ ਸਕੂਲ
ਘੁੱਦਾ (ਬਠਿੰਡਾ)